## ਆਵਾਸ ਅਤੇ ਰੋਜ਼ਗਾਰ ਵਿੱਚ ਪੱਖਪਾਤ ਦੀ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਅਸਲ-ਜੀਵਨ ਦੇ ਪਰਿਦ੍ਰਿਸ਼

**ਰੋਬਰਟ* ਸੱਤਵੇਂ-ਦਿਨ ਦਾ ਏਡਵੇਂਟਿਸਟ** ਹੈ ਅਤੇ ਹਰ ਸ਼ਨੀਵਾਰ ਨੂੰ ਸੈਬਥ ਦਾ ਪਾਲਣ ਕਰਦਾ ਹੈ। ਉਹ ਨੌਕਰੀ ਲਈ ਇੰਟਰਵਿਊ ਦੇਣ ਜਾਂਦਾ ਹੈ। ਆਪਣੇ ਇੰਟਰਵਿਊ ਦੇ ਦੌਰਾਨ, ਰੋਬਰਟ ਦੱਸਦਾ ਹੈ ਕਿ ਉਸ ਨੂੰ ਆਪਣੇ ਸੈਬਥ ਦਾ ਪਾਲਣ ਕਰਨ ਲਈ ਹਰ ਸ਼ਨੀਵਾਰ ਛੁੱਟੀ ਲੈਣ ਦੀ ਲੋੜ ਹੋਵੇਗੀ। ਇੰਟਰਵਿਊ ਲੈਣ ਵਾਲਾ ਵਿਅਕਤੀ ਰੋਬਰਟ ਨੂੰ ਦੱਸਦਾ ਹੈ ਕਿ ਰੋਬਰਟ ਨੂੰ ਹਰ ਵੀਕੈਂਡ ਛੁੱਟੀ ਦੇਣਾ ਦੂਜੇ ਕਰਮਚਾਰੀਆਂ ਦੇ ਨਾਲ ਪੱਖਪਾਤ ਕਰਨਾ ਹੋਵੇਗਾ, ਇਸਲਈ ਰੋਬਰਟ ਜਾਂ ਤਾਂ ਹਰ ਸ਼ਨੀਵਾਰ ਨੂੰ ਕੰਮ ਕਰਨ ਲਈ ਤਿਆਰ ਹੋਵੇ, ਜਾਂ ਫੇਰ ਉਹ ਇੱਥੇ ਕੰਮ ਨਹੀਂ ਕਰ ਸਕਦਾ।

**ਜੋਸਫ* ਪਾਗਨ** ਹੈ। ਉਸਦੇ ਵਿਸ਼ਵਾਸ ਮੁਤਾਬਕ ਉਸਨੂੰ ਸਾਰਾ ਸਾਲ ਆਪਣੇ ਅਪਾਰਟਮੈਂਟ ਦੇ ਅਗਲੇ ਦਰਵਾਜ਼ੇ ਨੂੰ ਵੱਖ-ਵੱਖ ਕਿਸਮ ਦੇ ਸਜਾਵਟੀ ਸਾਮਾਨ ਨਾਲ ਸਜਾਉਣਾ ਹੁੰਦਾ ਹੈ। ਉਸਦੀ ਇਮਾਰਤ ਦੀ ਕੋ-ਓਪ ਬੋਰਡ ਨੇ ਉਸਨੂੰ ਸੂਚਨਾ ਦਿੱਤੀ ਕਿ ਉਸ ਵਾਸਤੇ ਸਜਾਵਟੀ ਸਮਾਨ ਨੂੰ ਉਤਾਰਣਾ ਲਾਜ਼ਮੀ ਹੈ, ਨਹੀਂ ਤਾਂ ਉਸ ਨੂੰ ਅਜਿਹੇ ਕਾਨੂੰਨਾਂ ਦਾ ਉਲੰਘਣ ਕਰਨ ਲਈ ਜੁਰਮਾਨਾ ਭਰਣਾ ਪਏਗਾ, ਜਿਸ ਅਨੁਸਾਰ ਰਿਹਾਇਸ਼ੀ ਆਪਣੇ ਘਰ ਦੇ ਦਰਵਾਜ਼ਿਆਂ ਦੇ ਬਾਹਰ ਚੀਜ਼ਾਂ ਨਹੀਂ ਲਟਕਾ ਸਕਦੇ। ਜੋਸਫ ਨੇ ਬੋਰਡ ਅਤੇ ਪ੍ਰੌਪਰਟੀ ਮੈਨੇਜਰ ਨੂੰ ਸੂਚਨਾ ਦਿੱਤੀ ਕਿ ਸਜਾਵਟੀ ਸਾਮਾਨ ਉਸਦੇ ਧਾਰਮਿਕ ਅਭਿਆਸਾਂ ਦਾ ਇੱਕ ਹਿੱਸਾ ਹੈ, ਅਤੇ ਇਸਦਾ ਕੋਈ ਹੋਰ ਫਾਇਦਾ ਨਹੀਂ ਹੈ। ਦਸੰਬਰ ਵਿੱਚ ਜੋਸਫ ਨੇ ਧਿਆਨ ਦਿੱਤਾ ਕਿ ਉਸਦੇ ਫਲੋਰ ਉੱਤੇ ਜ਼ਿਆਦਾਤਰ ਅਪਾਰਟਮੈਂਟਾਂ ਨੇ ਆਪਣੇ ਅਗਲੇ ਦਰਵਾਜ਼ਿਆਂ ਉੱਤੇ ਕ੍ਰਿਸਮਸ ਦੀਆਂ ਸਜਾਵਟਾਂ ਕੀਤੀਆਂ ਸਨ। ਜੋਸਫ ਨੇ ਬੋਰਡ ਨੂੰ ਇਸ ਬਾਰੇ ਪੁੱਛਿਆ ਅਤੇ ਉਹਨਾਂ ਨੇ ਜਵਾਬ ਦਿੱਤਾ ਕਿ ਉਹ ਛੁੱਟੀ ਦੇ ਮੌਸਮ ਲਈ ਖੁੱਲ੍ਹ ਦਿੰਦੇ ਹਨ।

**ਏਲੇਗਜ਼ੇਂਡ੍ਰਾ* ਮੁਸਲਮਾਨ** ਹੈ ਅਤੇ ਸੂਪਰਮਾਰਕਿਟ ਵਿਖੇ ਇੱਕ ਕੈਸ਼ੀਅਰ ਵਜੋਂ ਕੰਮ ਕਰਦੀ ਹੈ। ਉਹ ਨਿਯਮਿਤ ਤੌਰ ਤੇ ਹਿਜਾਬ ਪਾਉਂਦੀ ਹੈ। ਇੱਕ ਦਿਨ, ਇੱਕ ਗ੍ਰਾਹਕ ਉਸ ਉੱਤੇ ਥੁੱਕਦਾ ਹੈ ਅਤੇ ਉਸਨੂੰ “ਆਤੰਕਵਾਦੀ” ਕਹਿੰਦਾ ਹੈ। ਏਲੇਗਜ਼ੇਂਡ੍ਰਾ ਦੁਖੀ ਹੋ ਜਾਂਦੀ ਹੈ ਅਤੇ ਆਪਣੇ ਸੂਪਰਵਾਈਜ਼ਰ ਨੂੰ ਘਟਨਾ ਦੀ ਸੂਚਨਾ ਦਿੰਦੀ ਹੈ। ਉਸਦੀ ਸੂਪਰਵਾਈਜ਼ਰ ਉਸਨੂੰ ਕਹਿੰਦਾ ਹੈ ਕਿ ਉਹ ਨੂੰ ਆਪਣੇ-ਆਪ ਨੂੰ ਗ੍ਰਾਹਕਾਂ ਦੇ ਉਤਪੀੜਨ ਤੋਂ ਬਚਾਉਣ ਲਈ ਅਸਤੀਫਾ ਦੇ ਦੇਣਾ ਚਾਹੀਦੀ ਹੈ ਅਤੇ ਕਹਿੰਦਾ ਹੈ ਕਿ ਸ਼ੁੱਕਰਵਾਰ ਕੰਮ ਤੇ ਉਸਦਾ ਅੰਤਿਮ ਦਿਨ ਹੋਵੇਗਾ।

*ਨੋਟ ਕਰੋ: ਇਹਨਾਂ ਮਾਮਲਿਆਂ ਵਿੱਚ ਸ਼ਾਮਲ ਵਿਅਕਤੀਆਂ ਦੀ ਗੋਪਨੀਯਤਾ ਦੀ ਰੱਖਿਆ ਕਰਨ ਲਈ ਇਹਨਾਂ ਪਰਿਦ੍ਰਿਸ਼ਾਂ ਵਿੱਚ ਵਰਤੇ ਗਏ ਨਾਮ ਕਾਲਪਨਿਕ ਹਨ।

## ਵਿਸ਼ਵਾਸ-ਆਧਾਰਿਤ ਸਮੂਦਾਏ ਅਤੇ ਨਿਊ ਯਾਰਕ ਸ਼ਹਿਰ ਦਾ ਮਨੁੱਖੀ ਅਧਿਕਾਰਾਂ ਦਾ ਕਾਨੂੰਨ (New York City Human Rights Law)

ਨਿਊ ਯਾਰਕ ਦੇ ਸਾਰੇ ਨਿਵਾਸੀ, ਆਪਣੀ ਪਹਿਚਾਣ, ਆਪਣੀ ਰਹਿਣ ਦੀ ਥਾਂ, ਜਾਂ ਆਪਣੇ ਵਿਸ਼ਵਾਸਾਂ ਤੋਂ ਬੇਪਰਵਾਹ, ਪੱਖਪਾਤ ਤੋਂ ਮੁਕਤ ਆਤਮ-ਨਿਰਭਰਤਾ ਨਾਲ ਅਤੇ ਸੁਰੱਖਿਅਤ ਤਰੀਕੇ ਨਾਲ ਰਹਿਣ ਦੇ ਹੱਕਦਾਰ ਹਨ। ਨਿਊ ਯਾਰਕ ਸ਼ਹਿਰ ਦਾ ਮਨੁੱਖੀ ਅਧਿਕਾਰਾਂ ਦਾ ਕਾਨੂੰਨ ਨਿਊ ਯਾਰਕ ਦੇ ਨਿਵਾਸੀਆਂ ਦੀ ਪੱਖਪਾਤ ਤੋਂ ਰੱਖਿਆ ਕਰਦਾ ਹੈ, ਤਾਂ ਜੋ ਉਹ ਪੱਖਪਾਤ ਤੋਂ ਮੁਕਤ ਆਪਣੇ ਸ਼ਹਿਰ ਵਿੱਚ ਰਹਿ ਸਕਣ, ਕੰਮ ਕਰ ਸਕਣ ਅਤੇ ਵੱਧ-ਫੁੱਲ ਸਕਣ। ਇਹ ਕਾਨੂੰਨ ਅਸਲ ਜਾਂ ਗਿਆਤ ਧਰਮ ਜਾਂ ਮੱਤ ਉੱਤੇ ਆਧਾਰਿਤ ਰੋਜ਼ਗਾਰ, ਆਵਾਸ ਅਤੇ ਸਾਰਵਜਨਿਕ ਸਮਾਈਆਂ ਵਿੱਚ ਪੱਖਪਾਤ ਨੂੰ ਰੋਕਦਾ ਹੈ। ਨਿਊ ਯਾਰਕ ਸ਼ਹਿਰ ਵਿੱਚ ਰੋਜ਼ਗਾਰ-ਦਾਤਿਆਂ, ਆਵਾਸ ਪ੍ਰਦਾਤਿਆਂ, ਕਾਰੋਬਾਰ ਦੇ ਮਾਲਕਾਂ, ਅਤੇ ਸਾਰਵਜਿਨਿਕਿ ਸਮਾਈਆਂ ਦੇ ਪ੍ਰਦਾਤਿਆਂ ਲਈ ਕਿਸੇ ਵੀ ਵਿਅਕਤੀ ਦੇ ਨਾਲ ਉਸਦੇ ਧਰਮ ਕਾਰਣ ਵੱਖਰੇ ਤੌਰ 'ਤੇ ਵਿਵਹਾਰ ਕਰਨਾ ਗੈਰ-ਕਾਨੂੰਨੀ ਹੈ। ਮਨੁੱਖੀ ਅਧਿਕਾਰਾਂ ਉੱਤੇ **NYC** ਕਮੀਸ਼ਨ **(NYC Commission on Human Rights)** ਸ਼ਹਿਰ ਦੇ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਨੂੰ ਲਾਗੂ ਕਰਦਾ ਹੈ, ਜਨਤਾ ਨੂੰ ਕਾਨੂੰਨ ਬਾਰੇ ਸਿੱਖਿਆ ਦਿੰਦਾ ਹੈ, ਅਤੇ ਨਿਊ ਯਾਰਕ ਦੇ ਨਿਵਾਸੀਆਂ ਵਿਚਕਾਰ ਸਕਾਰਾਤਮਕ ਸਮੁਦਾਇਕ ਰਿਸ਼ਤਿਆਂ ਨੂੰ ਉਤਸ਼ਾਹਿਤ ਕਰਦਾ ਹੈ।

ਜੇ ਤੁਹਾਡਾ ਮੰਨਣਾ ਹੈ ਕਿ ਤੁਹਾਡੇ ਨਾਲ ਤੁਹਾਡੇ ਅਸਲ ਜਾਂ ਗਿਆਤ ਧਰਮ ਜਾਂ ਮੱਤ ਦੇ ਆਧਾਰ ਉੱਤੇ ਪੱਖਪਾਤ ਕੀਤਾ ਗਿਆ ਹੈ, ਤਾਂ **311** 'ਤੇ ਕਾਲ ਕਰੋ ਅਤੇ **“Human Rights (ਮਨੁੱਖੀ ਅਧਿਕਾਰਾਂ)”** ਲਈ ਪੁੱਛੋ ਜਾਂ **718-722-3131** 'ਤੇ ਸਿੱਧਾ ਕਮੀਸ਼ਨ ਦੀ ਜਾਣਕਾਰੀ ਲਾਈਨ ਨੂੰ ਕਾਲ ਕਰੋ। ਮਨੁੱਖੀ ਅਧਿਕਾਰਾਂ ਉੱਤੇ **NYC** ਕਮੀਸ਼ਨ **(NYC Commission on Human Rights)** ਉੱਤੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ **NYC.gov/HumanRights** 'ਤੇ ਵਿਜ਼ਿਟ ਕਰੋ ਅਤੇ **Twitter, Facebook, Instagram,** ਅਤੇ **YouTube** ਉੱਤੇ **@NYCCHR** ਨੂੰ ਫੋਲੋ ਕਰੋ।

NYC COMMISSION ON HUMAN RIGHTS

**BILL DE BLASIO** | **CARMELYN P. MALALIS**
ਮੇਯਰ | ਕਮੀਸ਼ਨਰ/ਪ੍ਰਧਾਨ

**NYC.gov/HumanRights**
**@NYCCHR**



# NYC ਵਿੱਚ ਵਿਸ਼ਵਾਸ-ਆਧਾਰਿਤ ਸਮੂਦਾਏ ਨੂੰ ਮਜ਼ਬੂਤ ਬਣਾਉਣਾ ਅਤੇ ਸਮਰਥਨ ਕਰਨਾ

### ਧਾਰਮਿਕ ਪੱਖਪਾਤ ਦੇ ਖਿਲਾਫ਼ ਸੁਰੱਖਿਆਵਾਂ


NYC COMMISSION ON HUMAN RIGHTS
BILL DE BLASIO | CARMELYN P. MALALIS
ਮੇਯਰ | ਕਮੀਸ਼ਨਰ/ਪ੍ਰਧਾਨ

# ਧਰਮ/ਮੱਤ ਉੱਤੇ ਆਧਾਰਿਤ ਪੱਖਪਾਤ ਦੇ ਖਿਲਾਫ਼ ਨਿਊ ਯਾਰਕ ਸ਼ਹਿਰ ਦੇ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦੀਆਂ ਰੱਖਿਆਵਾਂ ਬਾਰੇ ਜਾਣਨ ਲਈ 10 ਗੱਲਾਂ

## 1.

ਨਿਊ ਯਾਰਕ ਸ਼ਹਿਰ ਦਾ ਮਨੁੱਖੀ ਅਧਕਿਾਰਾਂ ਦਾ ਕਾਨੂੰਨ ਆਵਾਸ, ਰੋਜ਼ਗਾਰ, ਅਤੇ ਸਾਰਵਜਨਕਿ ਸਮਾਈਆਂ ਵਿੱਚ ਧਰਮ ਉੱਤੇ ਆਧਾਰਤਿ ਪੱਖਪਾਤ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਧਰਮ/ਮੱਤ ਉੱਤੇ ਅਧਾਰਤਿ ਰੱਖਿਆ ਕਰਦਾ ਹੈ।

## 2.

ਆਵਾਸ ਪ੍ਰਦਾਤੇ ਤੁਹਾਡੇ ਧਰਮ/ਮੱਤ ਕਾਰਣ ਆਵਾਸ ਦੀ ਉਪਲਬਧੀ ਬਾਰੇ ਗਲਤ ਜਾਣਕਾਰੀ ਦੇ ਕੇ ਜਾਂ ਪੱਖਪਾਤੀ ਵਗਿਆਿਪਨ ਪੋਸਟ ਕਰਕੇ, ਤੁਹਾਡੇ ਲਈ ਉਪਲਬਧ ਆਵਾਸ ਚੋਣਾਂ ਨੂੰ ਪੱਖਪਾਤੀ ਤਰੀਕੇ ਨਾਲ ਸੀਮਤਿ ਨਹੀ ਕਰ ਸਕਦੇ।

## 3.

ਮਕਾਨ-ਮਾਲਕ ਜਾਂ ਮੈਨੇਜਮੈਂਟ ਕੰਪਨੀ ਤੁਹਾਡੇ ਧਰਮ ਦੇ ਕਾਰਣ ਤੁਹਾਨੂੰ ਲੀਜ਼ ਦੇਣ ਤੋਂ ਮਨ੍ਹਾਂ ਨਹੀ ਕਰ ਸਕਦੀ, ਤੁਹਾਥੋਂ ਵੱਧ ਕਰਿਾਇਆ ਵਸੂਲ ਨਹੀ ਸਕਦੀ, ਤੁਹਾਥੋਂ ਵਾਧੂ ਫੀਸਾਂ ਅਦਾ ਕਰਨ ਦੀ ਮੰਗ ਨਹੀ ਕਰ ਸਕਦੀ, ਜਾਂ ਤੁਹਾਨੂੰ ਵੱਖਰੀਆਂ ਸੇਵਾਵਾਂ ਪੇਸ਼ ਨਹੀ ਕਰ ਸਕਦੀ।

## 4.

ਰੋਜ਼ਗਾਰ ਦੇ ਮਾਲਕ ਤੁਹਾਡੇ ਧਰਮ ਦੇ ਆਧਾਰ ਉੱਤੇ ਤੁਹਾਡੇ ਨਾਲ ਪੱਖਪਾਤ ਨਹੀ ਕਰ ਸਕਦੇ। ਉਦਾਹਰਣ ਲਈ, ਰੋਜ਼ਗਾਰ ਦੇ ਮਾਲਕ ਤੁਹਾਨੂੰ ਇਸ ਕਰਕ ਗ੍ਰਾਹਕ ਦੇ ਸਾਮ੍ਹਣੇ ਨਾ ਆਉਣ ਵਾਲੇ ਅਹੁਦਆਿਂ 'ਤੇ ਨਯੁਿਕਤ ਨਹੀ ਕਰ ਸਕਦੇ, ਕਉਿਂਕ ਿਤੁਹਾਡੇ ਅਸਲ ਜਾਂ ਗਆਿਤ ਵਸ਼ਿਵਾਸ ਅਨੁਸਾਰ ਤੁਹਾਨੂੰ ਵਸ਼ਿਸ਼ ਕੱਪੜੇ ਪਾਉਣ ਦੀ ਲੋੜ ਹੈ ਜਾਂ ਕਉਿਂਕ ਿਗ੍ਰਾਹਕ ਤੁਹਾਡੇ ਧਾਰਮਕਿ ਲਹਜਿੇ ਦੇ ਨਾਲ ਅਸਹਜਿ ਹਨ।

## 5.

ਪੱਖਪਾਤੀ ਉਤਪੀੜਣ ਸ਼ਹਰਿ ਦੇ ਮਨੁੱਖੀ ਅਧਕਿਾਰਾਂ ਦੇ ਕਾਨੂੰਨ ਤਹਤਿ ਗੈਰ-ਕਾਨੂੰਨੀ ਹੈ, ਜਸਿਦਾ ਮਤਲਬ ਇਹ ਹੈ ਕ ਿਕਸਿ ਵਅਿਕਤੀ ਲਈ ਤੁਹਾਨੂੰ ਤੁਹਾਡੇ ਧਰਮ/ਮੱਤ ਕਾਰਣ ਧਮਕਾਉਣ ਵਾਲੇ ਜਾਂ ਦਬਾਉ-ਪੂਰਣ ਤਰੀਕੇ ਵਿੱਚ ਪਰੇਸ਼ਾਨ ਕਰਨਾ ਗੈਰ-ਕਾਨੂੰਨੀ ਹੁੰਦਾ ਹੈ।

## 6.

ਤੁਹਾਡੇ ਕੋਲ ਆਪਣੀਆਂ ਧਾਰਮਕਿ ਪਾਬੰਦੀਆਂ ਦੇ ਆਧਾਰ ਉੱਤੇ ਆਪਣੇ ਰੋਜ਼ਗਾਰ-ਮਾਲਕ ਵਲੋਂ ਮੁਨਾਸਬਿ ਸਮਾਈਆਂ ਲਈ ਬੇਨਤੀ ਕਰਨ ਅਤੇ ਇਹਨਾਂ ਨੂੰ ਪ੍ਰਾਪਤ ਕਰਨ ਦਾ ਅਧਕਿਾਰ ਹੁੰਦਾ ਹੈ। ਰੋਜ਼ਗਾਰ-ਮਾਲਕਾਂ ਨੂੰ ਉਦੋਂ ਤੱਕ ਸਮਾਈਆਂ ਮਨਜ਼ੂਰ ਕਰਨੀਆਂ ਚਾਹੀਦੀਆਂ ਹਨ, ਜਦੋਂ ਤੱਕ ਇਹਨਾਂ ਕਰਕੇ ਕੋਈ "ਅਣਉਚਤਿ ਔਖ" ਨਹੀ ਆਉਂਦੀ।

## 7.

ਰੋਜ਼ਗਾਰ-ਮਾਲਕਾਂ ਨੂੰ ਕਰਮਚਾਰੀਆਂ ਨੂੰ ਧਾਰਮਕਿ ਛੁੱਟੀਆਂ ਜਾਂ ਸੰਸਕਾਰਾਂ ਦਾ ਪਾਲਣ ਕਰਨ ਲਈ ਇੱਕ ਮੁਨਾਸਬ ਸਮਾਈ ਵਜੋਂ ਭੁਗਤਾਨ ਕੀਤੇ ਜਾਂ ਭੁਗਤਾਨ-ਰਹਤਿ ਸਮੇਂ ਦੀ ਛੁੱਟੀ ਦੇਣ ਦੀ ਲੋੜ ਹੋ ਸਕਦੀ ਹੈ।

## 8.

ਕਰਮਚਾਰੀ ਵੀ ਕੰਪਨੀ ਦੇ ਡ੍ਰੈਸ ਕੋਡ ਦੇ ਸੰਦਰਭ ਵਿੱਚ ਮੁਨਾਸਬਿ ਸਮਾਈਆਂ ਦੀ ਬੇਨਤੀ ਕਰ ਸਕਦੇ ਹਨ। ਉਦਾਹਰਣ ਲਈ, ਜੇ ਕੰਪਨੀ ਦੀ ਕੋਈ ਪਾਲਸਿੀ ਟੋਪੀਆਂ ਜਾਂ ਸਰਿ ਨੂੰ ਢਕਣ ਵਾਲੇ ਕੱਪੜਆਿਂ ਲਈ ਪਾਬੰਦੀ ਲਗਾਉਂਦੀ ਹੈ, ਤਾਂ ਕਰਮਚਾਰੀ ਹਜਿਾਬ, ਪਗੜੀ, ਜਾਂ ਯਾਰਮੂਲਕੇ ਨੂੰ ਪਾਉਣ ਲਈ ਸਮਾਈ ਦੀ ਬੇਨਤੀ ਕਰ ਸਕਦੇ ਹਨ।

## 9.

ਤੁਹਾਡੇ ਕੋਲ ਬਨਿਾਂ ਕਸਿ ਪੱਖਪਾਤ ਦੇ ਸ਼ਹਰਿ ਅਤੇ ਇਸਦੀਆਂ ਸਾਰਵਜਨਕਿ ਥਾਂਵਾਂ ਦੀ ਮਹਾਨ ਵਰਿਾਸਤ ਦਾ ਮਜ਼ਾ ਲੈਣ ਦਾ ਅਧਕਿਾਰ ਹੈ। ਸਟੋਰ, ਰੇਸਤਰਾਂ, ਅਤੇ ਸਨਿਮਾ ਘਰ ਤੁਹਾਡੇ ਅਸਲ ਜਾਂ ਗਆਿਤ ਵਸ਼ਿਵਾਸ ਕਾਰਣ ਤੁਹਾਨੂੰ ਇਨ੍ਹਾਂ ਤੱਕ ਪਹੁੰਚ ਕਰਨ ਤੋਂ ਮਨ੍ਹਾਂ ਨਹੀ ਕਰ ਸਕਦੇ।

## 10.

ਕਸਿ ਵੀ ਵਅਿਕਤੀ ਲਈ ਤੁਹਾਡੇ ਨਾਲ ਇਸ ਕਰਕੇ ਬਦਲਾ ਲੈਣਾ ਗੈਰ-ਕਾਨੂੰਨੀ ਹੁੰਦਾ ਹੈ ਕਉਿਂਕ ਿਤੁਸੀ ਮਨੁੱਖੀ ਅਧਕਿਾਰਾਂ ਉੱਤੇ NYC ਕਮੀਸ਼ਨ ਦੇ ਨਾਲ ਕੋਈ ਸ਼ਕਿਾਇਤ ਦਰਜ ਕੀਤੀ, ਕਸਿ ਪੜਤਾਲ ਵਿੱਚ ਗਵਾਹੀ ਦਿੱਤੀ, ਜਾਂ ਵੈਸੇ ਹੀ ਧਰਮ/ਮੱਤ ਦੇ ਆਧਾਰ ਉੱਤੇ ਪੱਖਪਾਤੀ ਅਭਆਿਸ ਦਾ ਵਰਿੋਧ ਕੀਤਾ।

ਜੇ ਤੁਹਾਡਾ ਮੰਨਣਾ ਹੈ ਕ ਿਤੁਹਾਡੇ ਖਲਿਾਫ਼ ਪੱਖਪਾਤ ਕੀਤਾ ਗਆਿ ਹੈ, ਤਾਂ, **718-722-3131** 'ਤੇ ਮਨੁੱਖੀ ਅਧਕਿਾਰਾਂ ਉੱਤੇ **NYC** ਕਮੀਸ਼ਨ ਨੂੰ ਕਾਲ ਕਰੋ।

**ਜੇ ਤੁਸੀਂ NYC Human Rights Law ਉੱਤੇ ਮੁਫ਼ਤ ਵਰਕਸ਼ਾਪਾਂ ਜਿਨ੍ਹਾਂ ਵਿੱਚ ਨਵੀਆਂ "Understanding Islam (ਇਸਲਾਮ ਨੂੰ ਸਮਝਣਾ)" ਅਤੇ "Religious Accommodations (ਧਾਰਮਿਕ ਸਮਾਈਆਂ)" ਦੀਆਂ ਵਰਕਸ਼ਾਪ ਸ਼ਾਮਲ ਹਨ, ਵਿਚ ਹਾਜ਼ਰ ਹੋਣਾ ਚਾਹੋ ਤਾਂ, NYC.gov/HumanRights 'ਤੇ ਵਿਜ਼ਿਟ ਕਰੋ**

## ਆਵਾਸ ਅਤੇ ਰੋਜ਼ਗਾਰ ਵਿੱਚ ਪੱਖਪਾਤ ਦੀ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਅਸਲ-ਜੀਵਨ ਦੇ ਪਰਿਦ੍ਰਿਸ਼

**ਰੇਬੇੱਕਾ* ਯਹੂਦੀ ਹੈ** ਅਤੇ ਸੈਬਥ ਦਾ ਪਾਲਣ ਕਰਦੀ ਹੈ। ਉਹ ਸ਼ੁੱਕਰ ਦੇ ਸੂਰਜ ਡੁੱਬਣ ਦੇ ਸਮੇਂ ਤੋਂ ਸ਼ਨੀਵਾਰ ਸੂਰਜ ਡੁੱਬਣ ਦੇ ਸਮੇਂ ਤੱਕ ਬਿਜਲੀ ਜਾਂ ਮਸ਼ੀਨਰੀ ਦੀ ਵਰਤੋਂ ਨਹੀਂ ਕਰ ਸਕਦੀ। ਰੇਬੇੱਕਾ ਨੇ ਦੇਖਿਆ ਹੈ ਕਿ ਇਮਾਰਤ ਵਿੱਚ ਦਰਬਾਨ, ਰਿਹਾਇਸ਼ੀਆਂ ਦੀ ਐਲੀਵੇਟਰ ਦੇ ਨਾਲ ਨਿਯਮਿਤ ਤੌਰ 'ਤੇ ਮਦਦ ਕਰਦੇ ਹਨ. ਜਦੋਂ ਉਹ ਪੈਕੇਜ ਲਿਜਾ ਰਹੇ ਹੁੰਦੇ ਹਨ ਅਤੇ ਬਟਨਾਂ ਤੱਕ ਪਹੁੰਚ ਨਹੀਂ ਸਕਦੇ। ਰੇਬੇੱਕਾ ਨੇ ਆਪਣੇ ਮਕਾਨ-ਮਾਲਕ ਨਾਲ ਸੰਪਰਕ ਕੀਤਾ, ਆਪਣੇ ਧਾਰਮਿਕ ਅਭਿਆਸਾਂ ਦਾ ਵਰਣਨ ਕੀਤਾ ਅਤੇ ਬੇਨਤੀ ਕੀਤੀ ਕਿ ਦਰਬਾਨ ਨੂੰ ਸੈਬਥ ਦੇ ਦੌਰਾਨ ਐਲੀਵੇਟਰ ਦੇ ਨਾਲ ਉਸਦੀ ਮਦਦ ਕਰਨ ਲਈ ਕਿਹਾ ਜਾਵੇ, ਜੇ ਉਸ ਕੋਲ ਕੋਈ ਹੋਰ ਕੰਮ ਨਾ ਹੋਵੇ। ਮਕਾਨ-ਮਾਲਕ ਨੇ ਜਵਾਬ ਦਿੱਤਾ, "ਜਾਣ ਦੇ, ਕੀ ਤੁਹਾਡਾ ਧਰਮ ਕਹਿੰਦਾ ਹੈ ਕਿ ਤੁਸੀਂ ਬਟਨ ਦਬਾ ਨਹੀਂ ਸਕਦੇ? ਤਾਂ ਫੇਰ ਵੀਕੈਂਡ ਨੂੰ ਬੱਸ ਆਪਣੇ ਘਰ ਹੀ ਰਹੋ>"

**ਜੇਮਸ* ਇੱਕ ਨਾਸਤਿਕ ਹੈ।** ਉਸਦਾ ਸੂਪਰਵਾਈਜ਼ਰ, ਜੋ ਧਾਰਮਿਕ ਤੌਰ 'ਤੇ ਚੌਕਸ ਰਹਿੰਦੀ ਹੈ, ਉਸਨੂੰ ਕਈ ਵਾਰ ਇਸ ਬਾਰੇ ਸਵਾਲ ਪੁੱਛਦੀ ਹੈ ਕਿ ਕੀ ਉਹ ਚਰਚ ਜਾਂਦਾ ਹੈ। ਭਾਵੇਂ ਕਿ ਜੇਮਸ ਉਹਨਾਂ ਸਵਾਲਾਂ ਨੂੰ ਟਾਲਣ ਜਾਂ ਹੋਰ ਦਿਸ਼ਾ ਵਿੱਚ ਲਿਜਾਉਣ ਦੀ ਕੋਸ਼ਿਸ਼ ਕਰਦਾ ਹੈ, ਸੂਪਰਵਾਈਜ਼ਰ ਵਾਰ-ਵਾਰ ਲਗਾਤਾਰ ਸਮਾਨ ਸਵਾਲ ਪੁੱਛਦੀ ਰਹਿੰਦੀ ਹੈ ਅਤੇ ਜੇਮਸ ਨੂੰ ਆਪਣੀਆਂ ਧਾਰਮਿਕ ਸੇਵਾਵਾਂ 'ਤੇ ਸ਼ਾਮਲ ਹੋਣ ਲਈ ਸੱਦਾ ਦੇਣਾ ਸ਼ੁਰੂ ਕਰਦੀ ਹੈ। ਜੇਮਸ ਨਿਮਰਤਾ ਨਾਲ ਮਨ੍ਹਾਂ ਕਰਦਾ ਹੈ ਅਤੇ ਉਸਦਾ ਸੂਪਰਵਾਈਜ਼ਰ ਉਸਦੇ ਸਾਥੀਆਂ ਦੇ ਮੁਕਾਬਲੇ ਉਸ ਨੂੰ ਘੱਟ ਇੱਛਤ ਕੰਮ ਦੇਣਾ ਸ਼ੁਰੂ ਕਰਦਾ ਹੈ।

**ਰਸ਼ੇਲ* ਮੁਸਲਮਾਨ ਹੈ** ਅਤੇ ਸੂਰਜ ਡੁੱਬਣ ਤੋਂ ਤੁਰੰਤ ਬਾਅਦ ਪ੍ਰਾਰਥਨਾ ਕਰਕੇ ਰਮਜ਼ਾਨ ਦਾ ਪਾਲਣ ਕਰਦੀ ਹੈ। ਉਹ ਇੱਕ ਸਕਿਓਰਿਟੀ ਗਾਰਡ ਹੈ। ਉਸਦੀ ਨਿਯਮਿਤ ਸ਼ਿਫਟ ਦੁਪਹਿਰ 3 ਵਜੇ ਤੋਂ ਰਾਤ 11 ਵਜੇ ਤੱਕ ਹੁੰਦੀ ਹੈ। ਰਮਜ਼ਾਨ ਦੇ ਦੌਰਾਨ, ਰਸ਼ੇਲ ਆਪਣੇ ਸੂਪਰਵਾਈਜ਼ਰ ਨੂੰ ਕਹਿੰਦੀ ਹੈ ਕਿ ਉਸਨੂੰ ਸ਼ਿਫਟ ਤੋਂ ਥੋੜ੍ਹੀ ਦੇਰ ਪਹਿਲਾਂ ਜਾਂ ਬਾਅਦ ਵਿੱਚ 15-ਮਿੰਟ ਲਈ ਨਿਯਮਿਤ ਬ੍ਰੇਕ ਲੈਣ ਦੀ ਇਜਾਜ਼ਤ ਦਿੱਤੀ ਜਾਵੇ ਜੋ ਸੂਰਜ ਡੁੱਬਣ ਦੇ ਸਮੇਂ ਨਾਲ ਮੇਲ ਖਾਵੇ। ਉਸਦਾ ਸੂਪਰਵਾਈਜ਼ਰ ਮਨ੍ਹਾਂ ਕਰ ਦਿੰਦਾ ਹੈ ਅਤੇ ਹੋਰ ਅੱਗੇ ਚਰਚਾ ਨਹੀਂ ਕਰਨਾ ਚਾਹੁੰਦਾ, ਅਤੇ ਕਹਿੰਦਾ ਹੈ ਕਿ ਉਸ ਕੋਲ ਅਨਿਯਮਿਤ ਬ੍ਰੇਕਾਂ ਲਈ ਕਵਰੇਜ ਦਾ ਪ੍ਰਬੰਧ ਕਰਨ ਲਈ ਸਮਾਂ ਨਹੀਂ ਹੈ।

*ਨੋਟ ਕਰੋ: ਇਹਨਾਂ ਮਾਮਲਿਆਂ ਵਿੱਚ ਸ਼ਾਮਲ ਵਿਅਕਤੀਆਂ ਦੀ ਗੋਪਨੀਯਤਾ ਦੀ ਰੱਖਿਆ ਕਰਨ ਲਈ ਇਹਨਾਂ ਪਰਿਦ੍ਰਿਸ਼ਾਂ ਵਿੱਚ ਵਰਤੇ ਗਏ ਨਾਮ ਕਾਲਪਨਿਕ ਹਨ।